# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 08 ਮਈ 2024 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਓਵਰ ਬ੍ਰਿਜ ਹੇਠਲੀਆਂ ਸੜਕਾਂ ਤੇ ਪ੍ਰੀਮਿਕਸ ਪਾਈ ਜਾਵੇ

ਵਰਲਡ ਪੰਜਾਬੀ ਟਾਈਮਜ਼



ਸੰਗਰੂਰ 8 ਮਈ : ਸਟੇਟ ਹਾਈਵੇ ਸੰਗਰੂਰ ਲੁਧਿਆਣਾ ਸੜਕ ਤੇ ਸੰਗਰੂਰ ਰੇਲਵੇ ਬਰਿਜ ਤੋ ਪਹਿਲਾਂ ਹੀ ਖਤਮ ਕਰ ਦਿੱਤਾ ਪ੍ਰੀਮਿਕਸ ਵਰਕ, ਜਿਥੋਂ ਸਟੇਟ ਹਾਈਵੇ ਸੰਗਰੂਰ ਲੁਧਿਆਣਾ ਸ਼ੁਰੂ ਹੁੰਦਾ ਹੈ ਉਥੇ ਤੱਕ ਨਹੀਂ ਪਾਇਆ ਪ੍ਰੀਮਿਕਸ, ਇਸ ਦੀ ਜਾਂਚ ਹੋਵੇ।

ਸੰਗਰੂਰ:- ਮਾਰਚ ਦੇ ਵਿਧਾਨ ਸਭਾ ਇਜਲਾਸ ਵਿੱਚ PWD ਵਿਭਾਗ ਦੇ ਮੰਤਰੀ ਸ੍ਰੀ ਲਾਲਜੀਤ ਸਿੰਘ ਭੁਲਰ ਵੱਲੋਂ ਦੱਸਿਆ ਗਿਆ ਸੀ ਕਿ ਸੰਗਰੂਰ ਲੁਧਿਆਣਾ ਸੜਕ ਤੇ ਲੱਗਪਗ 70 ਕਰੋੜ ਦੀ ਲਾਗਤ ਨਾਲ ਟੋਲ ਹਟਾਉਣ ਤੋਂ ਬਾਅਦ ਪ੍ਰੀਮਿਕਸ ਪਾਇਆ ਜਾਵੇਗਾ। ਜਿਸ ਦਾ ਕੰਮ ਮਾਰਚ ਦੇ ਅਖੀਰ ਵਿਚ ਸ਼ੁਰੂ ਹੋ ਗਿਆ ਸੀ, ਤੇ ਸੰਗਰੂਰ ਵਿਖੇ ਰੇਲਵੇ ਬਰਿਜ ਤੋ ਪਹਿਲਾਂ ਗੋਲਡਨ ਨਰਸਰੀ ਤੱਕ ਪ੍ਰੀਮਿਕਸ ਪਾ ਕੇ ਕੰਮ ਬੰਦ ਕਰ ਦਿੱਤਾ ਗਿਆ ਹੈ। ਕੰਮ ਬੰਦ ਕੀਤੇ ਨੂੰ ਲੱਗਪਗ 10 ਦਿਨ ਹੋ ਗਏ ਹਨ।

ਇਹ ਸਟੇਟ ਹਾਈਵੇ ਮਹਾਂਵੀਰ ਚੌਂਕ ਤੋਂ ਸ਼ੁਰੂ ਹੁੰਦਾ ਹੈ ਲੱਗਪਗ 2 ਕਿਲੋਮੀਟਰ ਪਹਿਲਾਂ ਹੀ ਇਹ ਕੰਮ ਬੰਦ ਕਰ ਦਿੱਤਾ ਗਿਆ ਹੈ। ਬਰਿਜ ਦੇ ਦੋਵੇਂ ਪਾਸੇ ਬਣੀਆਂ ਸਲਿਪ ਰੋਡਜ ਜਿੰਨਾ ਦੀ ਲੰਬਾਈ ਲੱਗਪਗ ਦੋ ਕਿਲੋਮੀਟਰ ਹੈ ਉਪਰ ਵੀ ਪ੍ਰੀਮਿਕਸ ਨਹੀਂ ਪਾਇਆ ਗਿਆ।

ਇਸ ਸਬੰਧ ਵਿੱਚ ਜਦੋਂ ਇਸ ਸੜਕ ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਉਸ ਪਾਰਕ ਸੰਭਾਲ ਤੇ ਸੋਸ਼ਲ ਵੈਲਫੇਅਰ ਸੁਸਾਇਟੀ,ਪੂਨੀਆ ਕਲੋਨੀ, ਸੰਗਰੂਰ ਦਾ ਵਫ਼ਦ ਮੁੱਖ ਮੰਤਰੀ ਭਗਵੰਤ ਮਾਨ ਦੇ ਓਐਸਡੀ ਸ੍ਰੀ ਉਂਕਾਰ ਸਿੰਘ ਜੀ ਨੂੰ ਮਿਲਿਆ ਸੀ। ਵਫ਼ਦ ਵਿਚ ਅਮਨਦੀਪ ਮਾਨਾ, ਮਨਧੀਰ ਸਿੰਘ, ਸਵਰਨਜੀਤ ਸਿੰਘ ਤੇ ਬਲਦੇਵ ਸਿੰਘ ਸ਼ਾਮਲ ਸਨ । ਸ੍ਰੀ ਓਂਕਾਰ ਸਿੰਘ ਨੇ ਸਬੰਧਤ ਕਾਰਜਕਾਰੀ ਇੰਜੀਨੀਅਰ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਹੁਕਮ ਕੀਤਾ ਸੀ ਕਿ ਇਸ ਸੜਕ ਤੇ ਬਣੇ ਸਾਰੇ ਓਵਰ ਬਰਿਜਾਂ (ਮਲੇਰਕੋਟਲਾ ਕੋਟਲਾ, ਧੂਰੀ ਅਤੇ ਸੰਗਰੂਰ ਵਿਖੇ ਬਣੇ ਓਵਰ ਬਰਿਜ)ਦੇ ਨੀਚੇ ਬਣੀਆਂ ਸੜਕਾਂ ਤੇ ਪ੍ਰੀਮਿਕਸ ਪਾਇਆ। ਉਸ ਸਮੇਂ ਫੋਨ ਤੇ ਸਬੰਧਤ ਅਧਿਕਾਰੀ ਨੇ ਹਾਂ ਵੀ ਕੀਤੀ ਸੀ।

ਇੰਨਾ ਓਵਰ ਬ੍ਰਿਜਾਂ ਦੇ ਨੀਚੇ ਬਣੀਆਂ ਸੜਕਾਂ ਦੀ ਸਾਂਭ ਸੰਭਾਲ ਟੋਲ ਹਟਾਉਣ ਤੋਂ ਪਹਿਲਾਂ ਟੋਲ ਇਕੱਠਾ ਕਰਨ ਵਾਲੀ ਕੰਪਨੀ ਹੀ ਕਰਦੇ ਸੀ 2018 ਵਿਚ ਇੰਨਾ ਸਲਿਪ ਰੋਡਜ ਉਪਰ ਪ੍ਰੀਮਿਕਸ ਟੋਲ ਕੰਪਨੀ ਨੇ ਪਾਇਆ ਸੀ।

ਇਸ ਤੋਂ ਇੰਨਾ ਸੜਕਾਂ ਦੀ ਰਿਪੇਅਰ ਨਹੀਂ ਕੀਤੀ ਗਈ। ਇੰਨਾ ਸੜਕਾਂ ਦੀ ਹਾਲਤ ਬਹੁਤ ਖ਼ਰਾਬ ਹੋਈ ਪਈ ਹੈ । ਪੀਡਬਲਿਊਡੀ ਦੇ ਅਧਿਕਾਰੀਆਂ ਨਾਲ ਲਗਾਤਾਰ ਇੰਨਾ ਸੜਕਾਂ ਦੀ ਰਿਪੇਅਰ ਲਈ ਪੱਤਰ ਵਿਵਹਾਰ ਕੀਤਾ ਜਾ ਰਿਹਾ ਹੈ , ਅਧਿਕਾਰੀਆਂ ਵੱਲੋਂ ਫੰਡ ਨਾਂ ਹੋਣ ਦਾ ਰੋਣਾਂ ਰੋਇਆ ਜਾਂਦਾ ਹੈ। ਪੂਨੀਆ ਕਲੋਨੀ ਸੰਗਰੂਰ ਵਾਲੇ ਪਾਸੇ ਦੀ ਸੜਕ ਬਣਾਉਣ ਲਈ ਕਾਰਜਸਾਧਕ ਅਫ਼ਸਰ ਨਗਰ ਕੌਂਸਲ ਸੰਗਰੂਰ ਨੂੰ ਮਿਲਿਆ ਗਿਆ। ਉਨ੍ਹਾਂ ਦਾ ਕਹਿਣਾ ਸੀ ਕਿ ਜੇਕਰ ਪੀਡਬਲਿਊਡੀ ਵਿਭਾਗ ਲਿਖ ਕੇ ਦੇ ਦਿੰਦਾ ਹੈ ਤਾਂ ਅਸੀਂ ਸਲਿਪ ਰੋਡਜ ਤੇ ਪ੍ਰੀਮਿਕਸ ਪਾ ਦੇਵਾਂਗੇ। ਅਕਤੂਬਰ 2023 ਵਿਚ ਪੀਡਬਲਿਊਡੀ ਵਿਭਾਗ ਨੇ ਲਿਖ ਵੀ ਦਿੱਤਾ ਸੀ ਸਾਡੇ ਕੋਲ ਲੋੜੀਂਦੇ ਫੰਡ ਨਹੀਂ ਹਨ , ਜੇਕਰ ਨਗਰ ਕੌਂਸਲ ਸੰਗਰੂਰ ਇੰਨਾ ਸੜਕਾਂ ਦੀ ਮੁਰੰਮਤ ਕਰਦਾ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ, ਪਰ ਨਗਰ ਕੌਂਸਲ ਨੇ ਇਹ ਸੜਕਾਂ ਨਹੀਂ ਬਣਾਈਆਂ।

ਪਾਰਕ ਸੰਭਾਲ ਤੇ ਸੋਸ਼ਲ ਵੈਲਫੇਅਰ ਸੋਸਾਇਟੀ, ਸੰਗਰੂਰ ਮੰਗ ਕਰਦੀ ਕਿ ਇਸ ਸੜਕ ਜਿਥੇ ਤੱਕ ਇਸ ਦੀ ਹੱਦ ਹੈ ਉਥੇ ਤੱਕ ਬਣਾਇਆ ਜਾਵੇ ਅਤੇ ਸੰਗਰੂਰ ਓਵਰ ਬ੍ਰਿਜ ਦੇ ਨੀਚੇ ਬਣੀਆਂ ਸੜਕਾਂ ਤੇ ਵੀ ਪ੍ਰੀਮਿਕਸ ਪਾਇਆ ਜਾਵੇ।ਹੋ ਰਹੇ ਕੰਮ ਦੀ ਜਾਂਚ ਕੀਤੀ ਜਾਵੇ। ਮਨਧੀਰ ਸਿੰਘ,ਸਵਰਨਜੀਤ ਸਿੰਘ। ਕਾਰਜਕਾਰੀ ਮੈਂਬਰ, ਪਾਰਕ ਸੰਭਾਲ ਤੇ ਸੋਸ਼ਲ ਵੈਲਫੇਅਰ ਸੁਸਾਇਟੀ, ਪੂਨੀਆ ਕਲੋਨੀ, ਸੰਗਰੂਰ।

## ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ( ਸੇਖੋ ) ਦੀ ਮਾਸਿਕ ਇਕੱਤਰਤਾ ਹੋਈ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ 8 ਮਈ: ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ( ਸੇਖੋ ) ਦੀ ਮਾਸਿਕ ਇਕੱਤਰਤਾ ਮਿਤੀ 5 ਮਈ 2024ਦਿਨ ਐਤਵਾਰ ਨੂੰ ਸਭਾ ਦੇ ਪ੍ਰਧਾਨ ਕਰਨਲ ਬਲਬੀਰ ਸਿੰਘ ਸਰਾਂ ਦੀ ਪਧਾਨਗੀ ਹੇਠ ਪੈਨਸ਼ਨਰਜ ਭਵਨ ਨਜ਼ਦੀਕ ਹੁੱਕੀ ਵਾਲਾ ਚੌਂਕ ਵਿਖੇ ਹੋਈ ਜਿਸ ਵਿੱਚ ਤਕਰੀਬਨ ਦੋ ਦਰਜਨ ਦੇ ਕਰੀਬ ਸਾਹਿਤਕਾਰਾਂ ਨੇ ਭਾਗ ਲਿਆ। ਜਿੰਨ੍ਹਾਂ ਵਿੱਚ ਸਭਾ ਦੇ ਜਨਰਲ ਸਕੱਤਰ ਇਕਬਾਲ ਘਾਰੂ , ਇੰਜ. ਦਰਸ਼ਨ ਰੋਮਾਣਾ , ਵਤਨਵੀਰ ਜ਼ਖਮੀ , ਸੁਰਿੰਦਰਪਾਲ ਸ਼ਰਮਾ ਭਲੂਰ , ਰਾਜ ਧਾਲੀਵਾਲ , ਗੁਰਤੇਜ ਪੱਖੀ ਕਲਾਂ , ਗੁਰਾਦਿੱਤਾ ਸਿੰਘ ਸੰਧੂ , ਨੇਕ ਸਿੰਘ ਮਾਹੀ , ਬਲਵਿੰਦਰ ਫਿੱਡੇ , ਜਸਵੰਤ ਸਿੰਘ ਸਰਾਂ , ਜਗਦੀਪ ਹਸਰਤ , ਸੁਖਚੈਨ ਥਾਂਦੇਵਾਲ , ਸੁਖਦੇਵ ਸਿੰਘ ਮਚਾਕੀ , ਸਾਧੂ ਸਿੰਘ ਚੰਮੇਲੀ , ਅਰਜਨ ਸਿੰਘ , ਬਲਵੰਤ ਗੱਖੜ ਨੇ ਭਾਗ ਲਿਆ। ਸਭਾ ਦੇ ਜਨਰਲ ਸਕੱਤਰ ਇਕਬਾਲ ਘਾਰੂ ਨੇ ਕੇਂਦਰੀ ਲਿਖਾਰੀ ਸਭਾ ( ਸੇਖੋਂ ) ਦੀ ਫਗਵਾੜਾ ਵਿਖੇ ਹੋਈ ਕਾਰਜਕਾਰਨੀ ਦੀ ਮੀਟਿੰਗ ਵਿੱਚ ਕੀਤੇ ਗਏ ਵਿਚਾਰ ਵਟਾਂਦਰੇ ਦੀ ਰੂਪ ਰੇਖਾ ਸਮੂਹ ਮੈਬਰਾਨ ਦੇ ਸਨਮੁਖ ਕੀਤੀ ਅਤੇ ਭਵਿੱਖ ਵਿੱਚ ਕੀਤੀਆਂ ਜਾਣ ਵਾਲੀਆਂ ਸਾਹਿਤਕ ਸਰਗਰਮੀਆਂ ਬਾਰੇ ਚਾਨਣਾ ਪਾਇਆ। ਹਾਜ਼ਰ ਲੇਖਕਾਂ ਨੇ ਆਪੋ ਆਪਣੇ ਕਲਾਮ ਪੇਸ਼ ਕੀਤੇ। ਜਿੰਨਾਂ ਤੇ ਭੱਖਵੀ ਬਹਿਸ ਹੋਈ। ਸਭਾ ਦੇ ਮੈਂਬਰਾਂ ਵੱਲੋਂ ਵਿੱਛੜ ਚੁੱਕੀਆਂ ਸ਼ਖਸ਼ੀਅਤਾਂ ਦੀ ਆਤਮਿਕ ਸ਼ਾਂਤੀ ਦੇ ਲਈ ਦੋ ਮਿੰਟ ਦਾ ਮੌਨ ਧਾਰਿਆ ਗਿਆ। ਜਿੰਨਾਂ ਵਿੱਚ ਪੰਜਾਬੀ ਦੇ ਪ੍ਰਸਿੱਧ ਕਵੀ ਮੋਹਨਜੀਤ , ਪ੍ਰਸਿੱਧ ਕਹਾਣੀਕਾਰ ਲਾਲ ਸਿੰਘ ਕਲਸੀ ਦੇ ਭਾਈ ਸਾਹਿਬ ਅਤੇ ਸੁਖਚੈਨ ਥਾਂਦੇਵਾਲ ਦੇ ਭਾਈ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਅਖੀਰ ਵਿੱਚ ਸਭਾ ਦੇ ਪ੍ਰਧਾਨ ਕਰਨਲ ਬਲਬੀਰ ਸਿੰਘ ਸਰਾਂ ਨੇ ਆਪਣੇ ਸੁਝਾਅ ਅਤੇ ਕੀਮਤੀ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਸਾਨੂੰ ਕੇਵਲ ਸਾਹਿਤਕ ਮੀਟਿੰਗਾਂ ਤੱਕ ਹੀ ਸੀਮਿਤ ਨਹੀ ਰਹਿਣਾ ਚਾਹੀਦਾ ਸਗੋ ਸਾਂਝੀਆਂ ਰਚਨਾਵਾਂ ਦੀ ਪੁਸਤਕ ਵੀ ਪ੍ਰਕਾਸ਼ਿਤ ਕਰਨੀ ਚਾਹੀਦੀ ਹੈ ਅਤੇ ਦੂਰ ਨੇੜਿਓ ਸਾਹਿਤਕਾਰਾਂ ਨਾਲ ਸਾਹਿਤਕ ਮਿਲਣੀ ਦਾ ਪ੍ਰੋਗਰਾਮ ਵੀ ਉਲੀਕਣਾ ਚਾਹੀਦਾ ਹੈ।

## ਸਵੈ ਇਛੱਤ ਸੇਵਾ ਦਾ ਸੰਕਲਪ ਹੀ ਰੈਡ ਕਰਾਸ ਦੀ ਰੂਹ – ਲਲਿਤ ਗੁਪਤਾ

ਵਰਲਡ ਪੰਜਾਬੀ ਟਾਈਮਜ਼
ਪਵਨ ਗੁਪਤਾ

ਅਹਿਮਦਗੜ੍ਹ 8 ਮਈ : ਰੈੱਡ ਕਰਾਸ ਸੰਸਥਾ ਦਾ ਮੂਲ ਸਿਧਾਂਤ ਕਿਸੇ ਤੋਂ ਪੈਸੇ ਲਏ ਬਿਨਾਂ ਮਦਦ ਕਰਨਾ ਹੈ, ਭਾਵੇਂ ਕੋਈ ਵੀ ਹਾਲਾਤ ਕਿਉਂ ਨਾ ਹੋਣ। ਜਿੱਥੇ ਕਈ ਵਾਰ ਸਰਕਾਰ ਵੀ ਕੁਝ ਨਹੀਂ ਕਰ ਸਕਦੀ, ਉੱਥੇ ਰੈੱਡ ਕਰਾਸ ਸੰਸਥਾ ਹੈ ਜੋ ਕਿ ਔਖੇ ਸਮੇਂ ਵਿੱਚ ਵੀ ਲੋਕਾਂ ਦੀ ਮਦਦ ਕਰਦੀ ਹੈ। ਰੈੱਡ ਕਰਾਸ ਸੰਸਥਾ ਦੇ ਮੂਲ ਸਿਧਾਂਤ "ਮਨੁੱਖਤਾ, ਨਿਰਪੱਖਤਾ, ਸੁਤੰਤਰਤਾ, ਸਵੈ-ਇੱਛਤ ਸੇਵਾ, ਸਰਵਵਿਆਪਕਤਾ ਅਤੇ ਏਕਤਾ" ਆਦਿ ਹਨ। ਇਨ੍ਹਾਂ ਆਦਰਸ਼ਾਂ ਨੂੰ ਮੁੱਖ ਰੱਖ ਕੇ ਵੱਖ-ਵੱਖ ਦੇਸ਼ਾਂ ਵਿਚ ਇਹ ਸੰਸਥਾਵਾਂ ਉਨ੍ਹਾਂ ਦੇ ਮਾਰਗ 'ਤੇ ਅੱਗੇ ਵਧ ਰਹੀਆਂ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਸਰਕਾਰੀ ਸੀਨੀਅਰ



ਸੈਕੈਂਡਰੀ ਸਕੂਲ ਪੱਖੋਵਾਲ ਦੇ ਲੈਕਚਰਾਰ ਲਲਿਤ ਗੁਪਤਾ ਨੇ ਦੱਸਿਆ ਕਿ ਰੈੱਡ ਕਰਾਸ ਸੰਸਥਾ ਦੇ ਬਾਨੀ ਹੈਨਰੀ ਡਿਊਨਾ ਨੂੰ ਕਿਹਾ ਜਾਂਦਾ ਹੈ ਜਦਕਿ ਸੇਵਾ ਦੇ ਪੁੰਜ ਭਾਈ ਘਨਈਆ ਜੀ ਨੇ ਹੈਨਰੀ ਡਿਊਨਾ ਦੇ ਜਨਮ ਤੋਂ 124 ਸਾਲ ਪਹਿਲਾਂ 1704 ਵਿੱਚ ਹੀ ਰੈਡ ਕਰਾਸ ਦੀ ਨੀਂਹ ਰੱਖ ਦਿੱਤੀ ਸੀ। ਆਨੰਦਪੁਰ ਸਹਿਬ ਵਿੱਚ ਚਲ ਰਹੇ ਯੁੱਧ ਸਮੇਂ ਕੁਝ ਸਿੰਘਾਂ ਨੇ ਸ਼੍ਰੀ ਗੁਰੂ ਗੌਬਿੰਦ ਸਿੰਘ ਜੀ ਕੋਲ ਸ਼ਿਕਾਇਤ ਕੀਤੀ ਕਿ ਭਾਈ ਘਨਈਆ ਵੈਰੀਆਂ ਨੂੰ ਪਾਣੀ ਪਿਲਾ ਕੇ ਮੁੜ ਜੀਵਤ ਕਰ ਰਿਹਾ ਹੈ। ਭਾਈ ਘਨਈਆ ਨੇ ਕਿਹਾ ਕਿ ਮੈਨੂੰ ਇਥੇ ਕੋਈ ਵੈਰੀ ਨਹੀਂ ਦਿਸਦਾ।ਸਾਰੇ ਪਿਆਸੇ ਅਤੇ ਇਕੋ ਜਿਹੇ ਇਨਸਾਨ ਦਿਸਦੇ ਹਨ ਇਸ ਲਈ ਮੈਂ ਸਾਰਿਆਂ ਨੂੰ ਪਾਣੀ ਪਿਲਾਉਦਾ ਹਾਂ। ਭਾਈ ਘਨਈਆ ਜੀ ਦੇ ਬੋਲਾਂ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਮੱਲ੍ਹਮ ਪੱਟੀ ਦਾ ਡੱਬਾ ਫੜਾ ਕੇ ਕਿਹਾ ਜਿਥੇ ਤੂੰ ਪਿਆਸਿਆਂ ਨੂੰ ਪਾਣੀ ਪਿਲਾ ਕੇ ਪਿਆਸ ਦੂਰ ਕਰਦਾ ਹੈ ਹੁਣ ਉਥੇ ਜ਼ਖਮੀਆਂ ਦੇ ਮਲਮ ਪੱਟੀ ਕਰਕੇ ਦੁੱਖ ਵੀ ਦੂਰ ਕਰਿਆ ਕਰ। ਇਹ ਸੇਵਾ ਦਾ ਸੰਕਲਪ ਹੀ ਰੈਡ ਕਰਾਸ ਦੀ ਰੂਹ ਬਣਿਆ। ਸ੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਅਹਿਮਦਗੜ੍ਹ ਦੇ ਪ੍ਰਧਾਨ ਰਮਨ ਸੂਦ ਨੇ ਦੱਸਿਆ ਕਿ 25 ਅਕਤੂਬਰ 1863 ਨੂੰ 14 ਦੇਸ਼ਾਂ ਨੇ ਰੈਡ ਕਰਾਸ ਸੰਸਥਾ ਦਾ ਗਠਨ ਕੀਤਾ। ਸਵਿਟਜ਼ਰਲੈਂਡ ਦਾ ਝੰਡਾ ਉਲਟਾ ਕਰਕੇ ਰੈਡ ਕਰਾਸ ਦਾ ਝੰਡਾ ਹੋਂਦ ਵਿੱਚ ਆਇਆ ਜੋ ਕਿ ਪੰਜ ਵਰਗਾਂ ਨੂੰ ਜੋੜ ਕੇ ਬਣਾਇਆ ਗਿਆ।

ਅਗਰਸੈਨ ਧਾਮ ਲੁਧਿਆਣਾ ਬ੍ਰਾਂਚ ਯੁਵਕ ਮੰਡਲ ਅਹਿਮਦਗੜ ਦੇ ਪ੍ਰਧਾਨ ਵਿਕਾਸ ਜੈਨ ਨੇ ਕਿਹਾ ਕਿ ਸ਼ੁਰੂ ਵਿੱਚ ਇਸ ਸੰਸਥਾ ਦਾ ਉਦੇਸ਼ ਜਖਮੀ ਸੈਨਿਕਾਂ ਦੀ ਫਸਟ ਏਡ ਦੇ ਕੇ ਸਹਾਇਤਾ ਕਰਨਾ ਸੀ ਪਰ ਹੁਣ ਇਸ ਦਾ ਘੇਰਾ ਵਧਾ ਕੇ ਕੁਦਰਤੀ ਆਫਤਾਂ,ਅਪਾਹਜਾਂ, ਸ਼ਰਨਾਰਥੀਆਂ,ਕੈਦੀਆਂ, ਸੜਕ ਹਾਦਸੇ ਦੌਰਾਨ ਜ਼ਖ਼ਮੀ ਹੋਏ ਵਿਅਕਤੀ ਅਤੇ ਬਿਮਾਰੀਆਂ ਵਿੱਚ ਓਹਨਾਂ ਦੀ ਮਦਦ ਕਰਨੀ ਵੀ ਹੈ।

## ਵਾਤਾਵਰਨ ਸੰਭਾਲ ਸਬੰਧੀ ਭਾਸ਼ਣ ਅਤੇ ਕਵਿਤਾ ਉਚਾਰਣ ਮੁਕਾਬਲੇ ਆਯੋਜਿਤ

ਵਰਲਡ ਪੰਜਾਬੀ ਟਾਈਮਜ਼

ਅੰਮ੍ਰਿਤਸਰ 8 ਮਈ : ਆਰਟ ਗਲੈਕਸੀ ਮੰਚ ਦੀ ਪ੍ਰਬੰਧਕੀ ਕਮੇਟੀ ਵੱਲੋਂ ਮਸੂਰੀ ਇੰਟਰਨੈਸ਼ਨਲ ਪਬਲਿਕ ਸਕੂਲ,ਅੰਮ੍ਰਿਤਸਰ ਵਿਖੇ ਵਾਤਾਵਰਨ ਸੰਭਾਲ ਸਬੰਧੀ ਭਾਸ਼ਣ ਪ੍ਰਤਿਯੋਗਤਾ, ਕਵਿਤਾ ਉਚਾਰਨ, ਲੋਕ ਗੀਤ ਅਤੇ ਪੋਸਟਰ ਮੇਕਿੰਗ ਮੁਕਾਬਲੇ ਸਕੂਲ ਡਾਇਰੈਕਟਰ ਸ੍ਰ.ਕਰਨਬੀਰ ਸਿੰਘ ਅਤੇ ਪ੍ਰਿੰਸੀਪਲ ਮੈਡਮ ਪਰਮੀਤ ਕੌਰ ਜੀ ਦੀ ਅਗਵਾਈ ਹੇਠ ਆਰਟ ਗਲੈਕਸੀ ਪ੍ਰੈਜ਼ੀਡੈਂਟ ਜਸਵਿੰਦਰ ਕੌਰ ਅਤੇ ਜਨਰਲ ਸਕੱਤਰ ਮਨਪ੍ਰੀਤ ਕੌਰ ਅਦਬ ਦੇ ਸਹਿਯੋਗ ਨਾਲ ਆਯੋਜਿਤ




ਕੀਤੇ ਗਏ।

"ਆਰਟ ਗਲੈਕਸੀ" ਅੰਮ੍ਰਿਤਸਰ ਦਾ ਪਹਿਲਾ ਅਜਿਹਾ ਪਲੇਟਫਾਰਮ ਹੈ ਜੋ ਲੇਖਕ, ਪੇਂਟਰ, ਕੈਲੀਗਰਾਫਰ, ਸੰਗੀਤਕਾਰ ਆਦਿ ਹਰ ਤਰ੍ਹਾਂ ਦੇ ਆਰਟਿਸਟ ਨੂੰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਤੇ ਜੀਵਨ ਵਿੱਚ ਵਿਕਾਸ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ।

ਅਜਿਹੇ ਹੀ ਇੱਕ ਉਦੇਸ਼ ਨੂੰ ਮੁੱਖ ਰੱਖ ਕੇ ਆਰਟ ਗਲੈਕਸੀ ਵੱਲੋਂ ਸਾਰੇ ਕਲਾਕਾਰ ਵਿਦਿਆਰਥੀਆਂ ਨੂੰ ਮੌਕਾ ਦੇਣ ਲਈ ਇਹ ਮੁਕਾਬਲੇ ਕਰਵਾਏ ਗਏ।

*ਆਰਟ ਗਲੈਕਸੀ ਦੀ ਪ੍ਰਬੰਧਕ ਜੋ ਕਿ ਅੰਮ੍ਰਿਤਸਰ ਦੀ ਉੱਘੀ ਲੇਖਕਾ ਜਸਵਿੰਦਰ ਕੌਰ ਹੈ, ਵੱਲੋਂ ਆਪਣੀ ਪ੍ਰਬੰਧਕੀ ਟੀਮ ਦੇ ਸਹਿਯੋਗ ਨਾਲ ਇਹ ਉਪਰਾਲਾ ਕੀਤਾ ਗਿਆ।

ਮਸੂਰੀ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਇਹਨਾਂ ਸਾਰੇ ਹੀ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਕਵਿਤਾ ਉਚਾਰਨ ਵਾਲੇ ਬੱਚਿਆਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਅਤੇ ਪੇਂਟਿੰਗ ਕਲਾ ਵਿੱਚ ਮੁਹਾਰਤ ਰੱਖਣ ਵਾਲੇ ਵਿਦਿਆਰਥੀਆਂ ਨੇ ਆਪਣੇ ਪੋਸਟਰਾਂ ਰਾਹੀਂ ਵਾਤਾਵਰਨ ਦੀ ਸੰਭਾਲ ਕਰਨ ਦਾ ਸਮੁੱਚੇ ਸਮਾਜ ਨੂੰ ਸੰਦੇਸ਼ ਦਿੱਤਾ।

ਆਰਟ ਗਲੈਕਸੀ ਮੰਚ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਮੈਡਲ ਅਤੇ ਸਾਰੇ ਹੀ ਭਾਗੀਦਾਰਾਂ ਨੂੰ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ।

ਸਕੂਲ ਨੂੰ ਆਰਟ ਗਲੈਕਸੀ ਦੇ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਤੇ ਗੋਲਡ ਸਰਟੀਫਿਕੇਟ ਨਾਲ, ਡਾਇਰੈਕਟਰ ਸ੍ਰ ਕਰਨਬੀਰ ਸਿੰਘ, ਸੁਖਜੀਤ ਸਿੰਘ, ਅਮਨਦੀਪ ਸਿੰਘ ਅਤੇ ਅਰਵਿੰਦਰ ਕੌਰ ਅਤੇ ਪ੍ਰਿੰਸੀਪਲ ਮੈਡਮ ਪਰਮੀਤ ਕੌਰ ਜੀ ਨੂੰ ਵੀ ਸਨਮਾਨ ਚਿੰਨ੍ਹ ਅਤੇ ਸਹਿਯੋਗੀ ਅਧਿਆਪਕਾਂ ਨੂੰ ਪੁਸਤਕਾਂ ਨਾਲ ਸਨਮਾਨਿਤ ਕੀਤਾ ਗਿਆ।

ਅਧਿਆਪਕਾ ਰਵਜੀਤ ਕੌਰ, ਪਵਨਪ੍ਰੀਤ ਕੌਰ,ਮੈਡਮ ਦੀਪਸ਼ਿਖਾ, ਮਨਜੋਤ ਕੌਰ, ਰਾਜਬੀਰ ਕੌਰ ਅਤੇ ਕਮਲਪ੍ਰੀਤ ਕੌਰ ਜੀ ਨੇ ਵੀ ਵਿਸ਼ੇਸ਼ ਸਹਿਯੋਗ ਦਿੱਤਾ।

ਪ੍ਰੋਗਰਾਮ ਪ੍ਰਬੰਧਕ ਜਸਵਿੰਦਰ ਕੌਰ ਨੇ ਦੱਸਿਆ ਕਿ ਸਕੂਲ ਦੀ ਸਾਰੀ ਪ੍ਰਬੰਧਕੀ ਟੀਮ ਨੇ ਆਰਟ ਗਲੈਕਸੀ ਦਾ ਪੂਰਾ ਸਹਿਯੋਗ ਦਿੱਤਾ। ਸਾਡਾ ਉਦੇਸ਼ ਹੈ ਕਿ ਹਰ ਕਲਾਕਾਰ ਨੂੰ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਪਹਿਚਾਣ ਬਣਾਉਣ ਦਾ ਮੌਕਾ ਮਿਲੇ। ਪ੍ਰੋਗਰਾਮ ਦੀ ਸ਼ਲਾਘਾ ਕਰਦੇ ਹੋਏ ਸਕੂਲ ਪ੍ਰਬੰਧਕਾਂ ਨੇ ਆਖਿਆ ਕਿ ਅਜਿਹੇ ਪ੍ਰੋਗਰਾਮ ਭਵਿੱਖ ਵਿੱਚ ਵੀ ਜ਼ਰੂਰ ਉਲੀਕੇ ਜਾਣ ਜੋ ਬੱਚਿਆਂ ਨੂੰ ਉਤਸ਼ਾਹਿਤ ਕਰਨ ਅਤੇ ਭਵਿੱਖ ਵਿੱਚ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਦੇ ਹਨ।

## 'ਦਿਸ਼ਾ ਕਰੀਅਰ ਕਾਉਂਸਲਿੰਗ' ਪ੍ਰੋਗਰਾਮ ਦਾ ਕੀਤਾ ਗਿਆ ਆਯੋਜਨ

### ਦਿਸ਼ਾ-ਕਰੀਅਰ ਕਾਉਂਸਲਿੰਗ* ਐਲ.ਪੀ.ਯੂ. ਦੀ ਇੱਕ ਸਮਾਜਿਕ ਪਹਿਲਕਦਮੀ ਹੈ, ਜੋ ਵਿਕਾਸ ਅਤੇ ਵਾਧੇ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦੀ ਹੈ : ਕਲਸੀ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 8 ਮਈ : ਕਰੀਅਰ ਕਾਉਂਸਲਿੰਗ ਜਾਂ ਕਿੱਤਾਮੁਖੀ ਦੀ ਅਗਵਾਈ ਇੱਕ ਅਜਿਹੀ ਪ੍ਰਕਿਰਿਆ ਹੈ, ਜੋ ਭਵਿੱਖ ਵਿੱਚ ਕਰੀਅਰ, ਵਿੱਦਿਅਕ ਅਤੇ ਜੀਵਨ ਦੇ ਫੈਸਲੇ ਲੈਣ 'ਚ ਸਾਡੀ ਮੱਦਦ ਕਰਦੀ ਹੈ। ਜੇਕਰ ਤੁਸੀਂ ਕਿੱਤੇ ਅਤੇ ਐਜੂਕੇਸ਼ਨ ਨਾਲ ਸਬੰਧਤ ਕੋਈ ਫੈਸਲਾ ਲੈਂਦੇ ਹੋ ਤਾਂ ਉਸ ਫੈਸਲੇ ਨੂੰ ਸਮਝਣ ਲਈ, ਨੈਵੀਗੇਟ ਕਰਨ ਲਈ ਕਰੀਅਰ ਕਾਉਂਸਲਿੰਗ ਅਹਿਮ ਰੋਲ ਅਦਾ ਕਰਦੀ ਹੈ। ਸੀਨੀਅਰ ਜਮਾਤਾਂ ਦੇ ਵਿਦਿਆਰਥੀਆਂ ਦੁਆਰਾ ਭਵਿੱਖ 'ਚ ਲਏ ਜਾਣ ਵਾਲੇ




ਫੈਸਲਿਆਂ ਪ੍ਰਤੀ ਪ੍ਰਪੱਖਤਾ ਪੈਦਾ ਕਰਨ ਲਈ ਐਸ.ਬੀ.ਆਰ.ਐਸ. ਗੁਰੂਕੁਲ ਸਕੂਲ ਵਲੋਂ *ਦਿਸ਼ਾ ਕਰੀਅਰ ਕਾਉਂਸਲਿੰਗ* ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਦੀ ਮਹੱਤਤਾ ਨੂੰ ਦਰਸਾਉਣ ਲਈ ਅੰਮ੍ਰਿਤਪਾਲ ਕਲਸੀ ਨੇ ਸੀਨੀਅਰ ਆਫ਼ੀਸਰ ਆਫ਼ ਡਿਪਾਰਟਮੈਂਟ ਆਫ਼ ਕਰੀਅਰ ਗਾਈਡੈਂਸ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਅਤੇ ਸੌਰਭ ਸ਼ਰਮਾ, ਚੈਨਲ ਮੈਨੇਜਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਨੇ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਵਰੁਣ ਨੱਯਰ ਵੀ ਸ਼ਾਮਿਲ ਹੋਏ ਜਿਹੜੇ ਕਿ ਸੀਨੀਅਰ ਜਮਾਤਾਂ ਦੇ ਵਿਦਿਆਰਥੀਆਂ ਦੇ ਵੱਖ-ਵੱਖ ਝੁਕਾਵਾਂ 'ਤੇ ਰਿਸਰਚ ਅਤੇ ਸਰਵੇ ਕਰਨ ਲਈ ਪਹੁੰਚੇ। ਸਕੂਲ ਦੇ ਡਾਇਰੈਕਟਰ/ਪ੍ਰਿੰਸੀਪਲ ਧਵਨ ਕੁਮਾਰ ਨੇ ਗੁਲਦਸਤੇ ਭੇਟ ਕਰਦੇ ਹੋਏ ਪਿਆਰ ਭਰੇ ਸ਼ਬਦਾਂ ਨਾਲ ਪਹੁੰਚੇ ਹੋਏ ਵਿਦਵਾਨਾਂ ਦਾ ਨਿੱਘਾ ਸਵਾਗਤ ਕੀਤਾ। ਪ੍ਰੋਗਰਾਮ ਦਾ ਆਗਾਜ ਕਰਦਿਆਂ ਅੰਮ੍ਰਿਤਪਾਲ ਕਲਸੀ ਨੇ ਦੱਸਿਆ ਕਿ *ਦਿਸ਼ਾ-ਕਰੀਅਰ ਕਾਉਂਸਲਿੰਗ* ਐਲ.ਪੀ.ਯੂ. ਦੀ ਇੱਕ ਸਮਾਜਿਕ ਪਹਿਲਕਦਮੀ ਹੈ, ਜੋ ਵੱਖ-ਵੱਖ ਸਕੂਲਾਂ, ਕਾਲਜਾਂ, ਗੈਰ-ਸਰਕਾਰੀ ਸੰਗਠਨਾਂ ਅਤੇ ਹੋਰ ਵਿਦਿਅਕ ਸੰਸਥਾਵਾਂ ਦੇ ਅਧਿਆਪਕਾਂ, ਵਿਦਿਆਰਥੀਆਂ, ਪ੍ਰਸ਼ਾਸ਼ਕਾਂ, ਸਟਾਫ ਆਦਿ ਸਮੇਤ ਸਿੱਖਿਆ ਦੇ ਸਾਰੇ ਹਿੱਸੇਦਾਰਾਂ ਦੇ ਵਿਕਾਸ ਅਤੇ ਵਾਧੇ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦੀ ਹੈ। ਇਸ ਪ੍ਰਣਾਲੀ ਦਾ ਮਕਸਦ ਸਭ ਤੋਂ ਵੱਧ ਸਿੱਖਿਅਤ ਸਲਾਹਕਾਰਾਂ ਅਤੇ ਮਾਹਰਾਂ ਦੇ ਸਹਿਯੋਗ ਨਾਲ ਸਿੱਖਿਆ ਖੇਤਰ ਦੀ ਬਦਲਦੀ ਪ੍ਰਣਾਲੀ ਬਾਰੇ ਆਪਣੇ ਤਜਰਬੇ ਰਾਹੀਂ ਵਿਦਿਆਰਥੀਆਂ, ਅਧਿਆਪਕਾਂ ਦੇ ਨਾਲ-ਨਾਲ ਸਕੂਲਾਂ ਨੂੰ ਸਮਰਥਨ ਅਤੇ ਮਾਰਗ ਦਰਸ਼ਨ ਕਰਨਾ ਹੈ ਅਤੇ ਉਹਨਾਂ ਨੂੰ ਅਨੁਕੂਲ ਬਣਾਉਣ 'ਚ ਮੱਦਦ ਕਰਨਾ ਹੈ। 'ਦਿਸ਼ਾ' ਵਿਦਿਆਰਥੀਆਂ ਨੂੰ ਉਨਾਂ ਦੇ ਨਿਰਧਾਰਿਤ ਕਰੀਅਰ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਉਨਾਂ ਦੇ ਸਲਾਹਕਾਰਾਂ, ਅਧਿਆਪਕਾਂ, ਮਾਪਿਆਂ ਆਦਿ ਨੂੰ ਅਪਗ੍ਰੇਡ ਕਰਨ ਦਾ ਰਸਤਾ ਦਿਖਾ ਕੇ ਉਨਾਂ ਦੀਆਂ ਦੁਬਿਧਾਵਾਂ ਨੂੰ ਦੂਰ ਕਰਨ ਤੋਂ ਲੈ ਕੇ, ਹਰੇਕ ਵਿਅਕਤੀ ਦੇ ਸਸਕਤੀਕਰਨ ਲਈ ਕੰਮ ਕਰਦੀ ਹੈ ਹੋਰ ਤਾਂ ਹੋਰ, ਜੀਵਨ ਦੀ ਹਰ ਰਫਤਾਰ 'ਚ ਵੱਧ ਰਹੀ ਪ੍ਰਤੀਯੋਗਤਾ ਹਰੇਕ ਵਿਅਕਤੀ ਨੂੰ ਪ੍ਰਭਾਵਿਤ ਕਰ ਰਹੀ ਹੈ, ਜਿਸ ਦੇ ਚਲਦੇ ਇਹ ਪ੍ਰਣਾਲੀ ਕਿਸੇ ਵਿਅਕਤੀ ਨੂੰ ਆਪਣੇ ਕੈਰੀਅਰ ਅਤੇ ਜੀਵਨ ਦੇ ਸਭ ਤੋਂ ਮਹੱਤਵਪੂਰਨ ਫੈਸਲੇ ਲੈਣ 'ਚ ਮੱਦਦ ਕਰਨ ਲਈ ਮਾਰਗ ਦਰਸ਼ਨ ਦਾ ਕੰਮ ਕਰਦੀ ਹੈ, ਇਸ ਦੌਰਾਨ ਬੱਚਿਆਂ ਨੇ ਆਏ ਹੋਏ ਵਿਦਵਾਨਾਂ ਨਾਲ ਭਵਿੱਖ 'ਚ ਅਪਣਾਏ ਜਾਣ ਵਾਲੇ ਲਾਹੇਵੰਦ ਕਿੱਤਿਆਂ ਪ੍ਰਤੀ ਵਿਚਾਰ-ਵਟਾਂਦਰਾ ਵੀ ਕੀਤਾ ਜਿੱਥੇ ਪ੍ਰਿੰਸੀਪਲ ਧਵਨ ਕੁਮਾਰ ਵੱਲੋਂ ਇਸ ਪ੍ਰੋਗਰਾਮ ਦੀ ਸਮਾਪਤੀ 'ਤੇ ਹਲੀਮੀ ਭਰੇ ਸ਼ਬਦਾਂ ਨਾਲ ਆਈ ਹੋਈ ਟੀਮ ਦਾ ਧੰਨਵਾਦ ਕੀਤਾ ਗਿਆ, ਉੱਥੇ ਹੀ ਮਾਪਿਆਂ ਵਲੋਂ ਵਿਚਾਰ ਦਿੰਦੇ ਹੋਏ ਕਿਹਾ ਕਿ ਬੱਚਿਆਂ ਦੀ ਰਹਿਨੁਮਾਈ ਲਈ ਅਤੇ ਭਵਿੱਖ 'ਚ ਸਹੀ ਫੈਸਲੇ ਲੈਣ ਲਈ ਅਜਿਹੇ ਪ੍ਰੋਗਰਾਮ ਦਾ ਆਯੋਜਨ ਕਰਨਾ ਇੱਕ ਬਹੁਤ ਹੀ ਵਧੀਆ ਪਹਿਲਕਦਮੀ ਹੈ।

## ਸੂਦ ਵਿਰਕ ਦੇ ਤੀਸਰੇ ਕਾਵਿ ਸੰਗ੍ਰਹਿ "ਸੱਚ ਵਾਂਗ ਕੱਚ" ਨੂੰ ਜਨਾਬ ਸਤਪਾਲ ਸਾਹਲੋਂ ਨੇ ਕਿਹਾ ਖੁਸ਼ ਆਮਦੀਦ –

ਵਰਲਡ ਪੰਜਾਬੀ ਟਾਈਮਜ਼
ਸਤਪਾਲ ਸਾਹਲੋਂ




ਮਹਿੰਦਰ ਸੂਦ ਵਿਰਕ ਇਕ ਉਭਰਦਾ ਨਾਮਵਰ ਨੌਜਵਾਨ ਸ਼ਾਇਰ ਹੈ। ਜਿਸ ਨੇ ਥੋੜ੍ਹੇ ਸਮੇਂ ਵਿੱਚ ਹੀ ਸਖ਼ਤ ਮਿਹਨਤ ਕਰਕੇ ਅਨੇਕਾਂ ਕਾਵਿ ਰਚਨਾਂਵਾਂ ਨੂੰ ਜਨਮ ਦਿੱਤਾ ਅਤੇ ਡਿਜ਼ੀਟਲ ਕ੍ਰਾਂਤੀ ਦਾ ਸਹਾਰਾ ਲੈਂਦੇ ਹੋਏ ਉਨ੍ਹਾਂ ਨੂੰ ਪੰਜਾਬੀ ਪਾਠਕਾਂ ਦੀਆਂ ਬਰੂਹਾਂ ਤੱਕ ਪਹੁੰਚਾਇਆ। ਇਸ ਨੇ ਆਪਣੀਆਂ ਕਾਵਿ ਰਚਨਾਂਵਾਂ ਵਿੱਚ ਆਪਣੇ ਖਿਆਲਾਂ ਨੂੰ ਭਾਰੂ ਕਰਦੇ ਹੋਏ ਕਿਸੇ ਵੀ ਬੰਦਸ਼ ਤੋਂ ਦੂਰ ਰਹਿਣ ਨੂੰ ਤਰਜ਼ੀਹ ਦਿੱਤੀ ਹੈ। ਇਸ ਨੇ ਥੋੜ੍ਹੇ ਸਮੇਂ ਵਿੱਚ ਹੀ ਆਪਣੇ ਦੋ ਕਾਵਿ ਸੰਗ੍ਰਹਿ ਈ ਬੁੱਕ ਦੇ ਰੂਪ ਵਿੱਚ " ਸੱਚ ਦਾ ਹੋਕਾ " ਅਤੇ " ਸੱਚ ਕੌੜਾ ਆ " ਪਾਠਕਾਂ ਦੀ ਝੋਲੀ ਵਿੱਚ ਪਾ ਕੇ ਆਪਣਾ ਨਾਮ ਸਥਾਪਤ ਕਵੀਆਂ ਦੀ ਕਤਾਰ ਵਿੱਚ ਲੈ ਕੇ ਆਂਦਾ ਹੈ। ਪਿਤਾ ਦੀ ਮੌਤ ਤੋਂ ਬਾਅਦ ਲਿੱਖਣ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਚਲਾਉਂਦੇ ਹੋਏ ਕਿਸੇ ਵੀ ਤਰ੍ਹਾਂ ਦੇ ਪ੍ਰਵਾਹ ਕੀਤੇ ਬਿਨਾਂ ਪੂਰੀ ਸਪੀਡ ਨਾਲ ਲਿੱਖਣ ਦੇ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਅਤੇ ਇਨ੍ਹਾਂ ਦੇ ਈ ਬੁੱਕਾਂ ਨੇ ਪਾਠਕਾਂ ਦਾ ਅਥਾਹ ਪਿਆਰ ਇਸਦੀ ਝੋਲੀ ਵਿੱਚ ਪਾਇਆ । ਮਹਿੰਦਰ ਸੂਦ ਤੋਂ ਮਹਿੰਦਰ ਸੂਦ ਵਿਰਕ ਬਣੇ ਇਸ ਨੌਜਵਾਨ ਸ਼ਾਇਰ ਨੂੰ ਤੀਸਰਾ ਕਾਵਿ ਸੰਗ੍ਰਹਿ ਈ ਬੁੱਕ ਦੇ ਰੂਪ ਵਿੱਚ ਪਾਠਕਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਦਾ ਬੱਲ ਮਿਲਿਆ।ਇਸ ਦਾ ਤੀਸਰਾ ਕਾਵਿ ਸੰਗ੍ਰਹਿ ਈ ਬੁੱਕ ਦੇ ਰੂਪ ਵਿੱਚ " ਸੱਚ ਵਾਂਗ ਕੱਚ " ਨੂੰ ਖੁਸ਼ ਆਮਦੀਦ ਕਹਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪਾਠਕ ਇਸ ਨੂੰ ਪਹਿਲਾਂ ਵਰਗਾ ਹੀ ਪਿਆਰ ਦੇਣਗੇ ਅਤੇ ਇਸ ਦੀ ਕਲਮ ਨੂੰ ਹੋਰ ਬਲ ਬਖਸ਼ਣਗੇ ।

ਮਹਿੰਦਰ ਸੂਦ ਵਿਰਕ ਨੇ ਡਿਜ਼ੀਟਲ ਕ੍ਰਾਂਤੀ ਨੂੰ ਅਪਣਾਉਂਦੇ ਹੋਏ ਆਪਣੇ ਚਾਰ ਆਨਲਾਈਨ ਪੇਪਰ ਵੀ ਸ਼ੁਰੂ ਕੀਤੇ ਹਨ ਤਾਂ ਕਿ ਇਹ ਹੋਰ ਸ਼ਾਇਰਾਂ ਅਤੇ ਲੇਖਕਾਂ ਦੀ ਪਾਠਕਾਂ ਨਾਲ ਸਾਂਝ ਪਵਾ ਸਕੇ।

ਉਸ ਵੱਲੋਂ ਪ੍ਰਕਾਸ਼ਿਤ ਕੀਤੇ ਪੇਪਰ " ਤਾਂਘ ਸਾਹਿਤ ਦੀ " ਹਫਤਾਵਾਰੀ ਆਨਲਾਈਨ ਮੈਗਜ਼ੀਨ, " ਕਲਮ ਦੀ ਤਾਕਤ " ਆਨਲਾਈਨ ਨਿਊਜ਼, " ਹਰਫ਼ਾਂ ਦੀ ਡਾਰ " ਮਹੀਨਾਵਾਰ ਆਨਲਾਈਨ ਮੈਗਜ਼ੀਨ ਅਤੇ " ਸ਼ਬਦਾਂ ਦਾ ਸ਼ਹਿਰ " ਹਫਤਾਵਾਰੀ ਆਨਲਾਈਨ ਮੈਗਜ਼ੀਨ ਹਨ।

ਮਹਿੰਦਰ ਸੂਦ ਵਿਰਕ ਧਾਰਮਿਕ ਗੀਤ ਵੀ ਲਿੱਖਦਾ ਹੈ ਜਿਨ੍ਹਾਂ ਵਿੱਚੋਂ ਇੱਕ ਧਾਰਮਿਕ ਗੀਤ "ਮੇਰੇ ਮਾਲਕਾ" ਨੂੰ ਸ੍ਰੀ 108 ਸੰਤ ਹਰਵਿੰਦਰ ਦਾਸ ਜੀ ਇਸਪੁਰ ਵਾਲਿਆਂ ਨੇ ਆਵਾਜ਼ ਦਿੱਤੀ ਹੈ।ਇਸ ਦੇ ਬਾਕੀ ਧਾਰਮਿਕ ਗੀਤ ਨੂੰ ਗਾਇਕ ਪ੍ਰੀਤ ਬਲਿਹਾਰ, ਕੁਲਦੀਪ ਮਹਿਸੋਪੁਰੀਆ, ਸੂਦ ਸੀਸਟਰਸ, ਭਾਈ ਕੁਲਵਿੰਦਰ ਸਿੰਘ ਸੂਦ ਸੁੰਨੀ ਪਿੰਡ ਵਾਲੇ ਅਤੇ ਮਾਹੀ ਜਮਾਲਪੁਰੀ ਨੇ ਆਪਣੀ ਆਵਾਜ਼ ਦੇ ਕੇ ਸੰਗੀਤ ਦੇ ਰਾਹੀਂ ਸਰੋਤਿਆਂ ਤੱਕ ਪਹੁੰਚਾਇਆ ਹੈ।

ਮਹਿੰਦਰ ਸੂਦ ਵਿਰਕ ਬਹੁਤ ਹੀ ਮਿਲਾਪੜਾ,ਮਿਹਨਤੀ ਤੇ ਮਿਲਣਸਾਰ ਹਸਮੁੱਖ ਸ਼ਾਇਰ ਹੈ ਜਿਸ ਨੂੰ ਹਰ ਕੋਈ ਪਿਆਰ ਕਰਦਾ ਹੈ। ਅਜਿਹੇ ਸ਼ਾਇਰ ਦੀਆਂ ਕਿਰਤਾਂ ਨੂੰ ਖੁਸ਼ ਆਮਦੀਦ ਕਹਿਣਾ ਤਾਂ ਬਣਦਾ ਹੈ । ਆਮੀਨ ।

## ਕਲਮਾਂ ਦਾ ਕਾਫ਼ਲਾ ਅੰਤਰਰਾਸ਼ਟਰੀ ਫੇਸਬੁੱਕ ਮੰਚ ਵੱਲੋਂ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਮਹੀਨਾਵਾਰ ਕਵੀ ਦਰਬਾਰ ਕਰਵਾਇਆ

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

ਅੰਤਰ ਰਾਸ਼ਟਰੀ ਫੇਸਬੁੱਕ ਮੰਚ ਕਲਮਾਂ ਦਾ ਕਾਫ਼ਲਾ ਦੇ ਪ੍ਰਬੰਧਕ ਮੈਡਮ ਗੁਰਜੀਤ ਕੌਰ ਅਜਨਾਲਾ ਜੀ ਦੇ ਸਹਿਯੋਗ ਨਾਲ਼ ਹਰ ਮਹੀਨੇ ਦੇ ਪਹਿਲੇ ਸੋਮਵਾਰ ਨੂੰ ਹੋਣ ਵਾਲ਼ਾ ਆਨ ਲਾਈਨ ਕਵੀ ਦਰਬਾਰ ਇਸ ਵਾਰ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਕਰਵਾਇਆ ਗਿਆ। ਜਿਸ ਦਾ ਸੰਚਾਲਨ ਸ੍ਰ. ਰਣਬੀਰ ਸਿੰਘ ਪ੍ਰਿੰਸ (ਸ਼ਾਹਪੁਰ ਕਲਾਂ) ਆਫ਼ਿਸਰ ਕਾਲੋਨੀ ਸੰਗਰੂਰ ਦੁਆਰਾ ਕੀਤਾ ਗਿਆ ਅਤੇ ਇਸ ਵਿੱਚ ਨਾਮਵਰ ਕਵੀ/ ਕਵਿਤਰੀਆਂ ਨੇ ਭਾਗ ਲਿਆ । ਜਿਵੇਂ ਕਿ ਮੈਡਮ ਪੋਲੀ ਬਰਾੜ, ਮੈਡਮ ਪਰਵੀਨ ਕੌਰ ਸਿੱਧੂ ,ਮੈਡਮ ਅਮਰਜੀਤ ਕੌਰ ਮੋਰਿੰਡਾ, ਅਮਰਜੀਤ ਕੌਰ ਮਾਨਸਾ, ਕਰਮਜੀਤ ਕੌਰ ਮਲੋਟ, ਸ.ਜਸਵੰਤ ਸਿੰਘ ਧਾਪ, ਪੀਂਘਾਂ ਸੋਚ ਦੀਆਂ ਮੰਚ ਦੇ ਸਰਪ੍ਰਸਤ ਪ੍ਰਗਟ ਗਿੱਲ ਬਾਗ਼ੀ ਆਸਟ੍ਰੇਲੀਆ,ਸ੍ਰ.ਵੀਰ ਸਿੰਘ ਵੀਰਾ ਪੀਰ ਮੁਹੰਮਦ , ਕਲਮਾਂ ਦੇ ਵਾਰ ਮੰਚ ਦੇ ਸਰਪ੍ਰਸਤ ਜੱਸੀ ਧਰੌੜ ਸਾਹਨੇਵਾਲ, ਭਾਈ ਰਣਜੀਤ ਸਿੰਘ ਫ਼ਤਹਿਗੜ੍ਹ ਸਾਹਿਬ, ਫ਼ਿਲਮੀ ਤੇ ਟੀ.ਵੀ.ਸੀਰੀਅਲ ਕਲਾਕਾਰ ਸੂਰੀਆ ਕਾਂਤ ਵਰਮਾ ਜੀ, ਕੁਲਦੀਪ ਸਿੰਘ ਦੀਪ ਸਾਦਿਕ ਪਬਲੀਕੇਸ਼ਨਜ਼,ਗੁਰੀ ਚੰਦੜ ਸੰਗਰੂਰ,ਆਦਿ ਸ਼ਾਮਲ ਹੋਏ। ਜਿਨ੍ਹਾਂ ਨੇ ਬਹੁਤ ਖ਼ੂਬਸੂਰਤ ਰਚਨਾਵਾਂ ਗੀਤਾਂ, ਗ਼ਜ਼ਲਾਂ ਅਤੇ ਕਵਿਤਾਵਾਂ ਰਾਹੀਂ ਆਪਣੀ ਹਾਜ਼ਰੀ ਲਗਵਾਈ। ਜਿਸ ਵਿੱਚ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਕਵਿਤਾਵਾਂ ਸੁਣਾਈਆਂ ਗਈਆਂ।ਅੰਤ ਵਿੱਚ ਮੈਡਮ ਗੁਰਜੀਤ ਕੌਰ ਅਜਨਾਲਾ ਜੀ ਅਤੇ ਰਣਬੀਰ ਸਿੰਘ ਪ੍ਰਿੰਸ ਦੁਆਰਾ ਮੰਚ ਕਲਮਾਂ ਦਾ ਕਾਫ਼ਲਾ ਵੱਲੋਂ ਸਾਰੇ ਭਾਗ ਲੈਣ ਵਾਲੇ ਕਵੀ/ਕਵਿਤਰੀਆਂ ਅਤੇ ਜੱਸੀ ਧਰੌੜ ਸਾਹਨੇਵਾਲ ਜੀ ਦਾ ਪੋਸਟਰ ਤੇ ਸਰਟੀਫਿਕੇਟ ਜਾਰੀ ਕਰਨ ਅਤੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ।

## ਗੁਰੂ ਕਾਸ਼ੀ ਸਾਹਿਤ ਸਭਾ ਅਤੇ ਕਵੀਸ਼ਰੀ ਵਿਕਾਸ ਮੰਚ ਵੱਲੋਂ ਵਿਸ਼ਾਲ ਸਾਹਿਤਕ ਸਮਾਗਮ

### ਦੋ ਲੇਖਕਾਂ ਦੀਆਂ ਪੁਸਤਕਾਂ ਦਾ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼







ਤਲਵੰਡੀ ਸਾਬੋ : 8 ਮਈ : ਇਤਿਹਾਸਕ ਸ਼ਹਿਰ ਤਲਵੰਡੀ ਸਾਬੋ ਅਤੇ ਇਸ ਦੇ ਆਸਪਾਸ ਦੇ ਨੌਜਵਾਨਾਂ ਵਿੱਚ ਸਾਹਿਤਕ ਚੇਟਕ ਲਾਉਣ ਦੇ ਮਕਸਦ ਨਾਲ ਗੁਰੂ ਕਾਸ਼ੀ ਸਾਹਿਤ ਸਭਾ ਅਤੇ ਕਵੀਸ਼ਰੀ ਵਿਕਾਸ ਮੰਚ ਵੱਲੋਂ ਵਿਸ਼ਾਲ ਸਾਹਿਤਕ ਸਮਾਗਮ ਖਾਲਸਾ ਸੀ. ਸੈ. ਸਕੂਲ ਤਲਵੰਡੀ ਸਾਬੋ ਵਿਖੇ ਕੀਤਾ ਗਿਆ, ਜਿਸ ਵਿੱਚ ਦੋ ਲੇਖਕਾਂ ਡਾ: ਖੁਸ਼ਨਸੀਬ ਗੁਰਬਖਸ਼ੀਸ਼ ਕੌਰ ਅਤੇ ਦਰਸ਼ਨ ਸਿੰਘ ਭੰਮੇ ਦੀਆਂ ਪੁਸਤਕਾਂ ਕ੍ਰਮਵਾਰ 'ਸ਼ਾਇਰ ਦਾ ਦਿਲ' (ਵੈਦ ਇੰਦਰ ਸਿੰਘ ਦੀ ਕਵਿਤਾ) ਅਤੇ 'ਜੁਗਨੀ ਜੜੇ ਨਗੀਨੇ' ਨੂੰ ਰੀਲੀਜ਼ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਡਾ. ਹਰੀ ਸਿੰਘ ਜਾਚਕ, ਡਾ. ਗੁਰਦੇਵ ਸਿੰਘ ਖੋਖਰ, ਪ੍ਰੋ. ਨਵ ਸੰਗੀਤ ਸਿੰਘ, ਡਾ. ਸੰਦੀਪ ਰਾਣਾ, ਸ੍ਰੀ ਰੇਵਤੀ ਪ੍ਰਸ਼ਾਦ (ਰਾਸ਼ਟਰਪਤੀ ਅਵਾਰਡੀ) ਤੇ ਡਾ. ਖੁਸ਼ਨਸੀਬ ਗੁਰਬਖਸ਼ੀਸ਼ ਕੌਰ ਸ਼ਾਮਲ ਸਨ। ਇਨ੍ਹਾਂ ਕਿਤਾਬਾਂ ਤੇ ਕ੍ਰਮਵਾਰ ਪ੍ਰੋ. ਨਵ ਸੰਗੀਤ ਸਿੰਘ ਅਤੇ ਡਾ: ਸੰਦੀਪ ਰਾਣਾ ਨੇ ਪ੍ਰਭਾਵਸ਼ਾਲੀ ਪਰਚੇ ਪੜ੍ਹੇ ਅਤੇ ਪੁਸਤਕ- ਲੇਖਕਾਂ ਦੀ ਸ਼ਲਾਘਾ ਕੀਤੀ। ਉਪਰੰਤ ਡਾ. ਖੁਸ਼ਨਸੀਬ ਗੁਰਬਖਸ਼ੀਸ਼ ਕੌਰ ਸੂਰੀਆ ਅਤੇ ਦਰਸ਼ਨ ਸਿੰਘ ਭੰਮੇ ਨੇ ਆਪੋ-ਆਪਣੀਆਂ ਕਿਤਾਬਾਂ ਲਿਖਣ ਦੇ ਤਜਰਬੇ ਵੀ ਸਰੋਤਿਆਂ ਨਾਲ ਸਾਂਝੇ ਕੀਤੇ। ਪਿੱਛੋਂ ਲੰਮਾ ਸਮਾਂ ਚੱਲੇ ਕਵੀ ਦਰਬਾਰ ਵਿੱਚ ਵੀਰਪਾਲ ਕੌਰ ਮਾਨ ਗੁਰੂਸਰ, ਛੱਜੂ ਰਾਮ ਮੌੜ ਕਵੀਸ਼ਰ, ਜਗਦੀਪ ਗਿੱਲ, ਨਿਰਮਲ ਸਿੰਘ ਵਿਗਿਆਨੀ, ਛਿੰਦਰ ਕੌਰ ਸਿਰਸਾ (ਰੇਡੀਓ ਅਨਾਉਂਸਰ ਤੇ ਲੇਖਕਾ), ਰਿਪੁਦਮਨ ਸ਼ਰਮਾ, ਜਸਬੀਰ ਢਿੱਲੋਂ, ਸੁਖਮੰਦਰ ਸਿੰਘ ਭਾਗੀਵਾਂਦਰ, ਭੋਲਾ ਸਿੰਘ ਸ਼ਮੀਰੀਆ, ਰਿਟਾ. ਪ੍ਰੋ. ਜਸਵੀਰ ਤਲਵੰਡੀ, ਸ਼ਮਸ਼ੇਰ ਮੱਲੀ, ਗਗਨ ਫੂਲ, ਐਡਵੋਕੇਟ ਭੁਪਿੰਦਰ ਸਿੰਘ ਸੂਰੀਆ, ਜਨਕ ਸੰਗਤ, ਸੁਖਦਰਸ਼ਨ ਬਾਲਿਆਂਵਾਲੀ, ਡਾ. ਗੁਰਮੇਲ ਕੌਰ ਜੋਸ਼ੀ, ਸੀਮਾ ਰਾਣੀ, ਬਾਬਾ ਲਾਲ ਚੰਦ, ਮਾਸਟਰ ਸੁਖਰਾਜ ਸੰਦੋਹਾ, ਲੈਕਚਰਾਰ ਰਵਿੰਦਰ ਚਾਉਕੇ, ਰਿਪੂਦਮਨ ਸ਼ਰਮਾ ਅਤੇ ਅਕਾਲ ਯੂਨੀਵਰਸਿਟੀ ਦੀ ਵਿਦਿਆਰਥਣ ਰੀਨੂ ਕੌਰ ਨੇ ਆਪਣੀਆਂ ਰਚਨਾਵਾਂ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਕੇ ਖੂਬ ਪ੍ਰਸ਼ੰਸਾ ਹਾਸਲ ਕੀਤੀ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਮਾ: ਸੁਖਰਾਜ ਸੰਦੋਹਾ ਤੇ ਲਕਵਿੰਦਰ ਨਥੇਹਾ ਨੇ ਬਾਖੂਬੀ ਨਿਭਾਈ। ਪ੍ਰੋਗਰਾਮ ਦੇ ਅੰਤ ਵਿੱਚ ਮੁੱਖ ਮਹਿਮਾਨਾਂ ਅਤੇ ਸਹਿਤਕਾਰਾਂ ਨੂੰ ਗੁਰੂ ਕਾਸ਼ੀ ਸਾਹਿਤ ਸਭਾ ਅਤੇ ਕਵੀਸ਼ਰੀ ਵਿਕਾਸ ਮੰਚ ਦੇ ਪ੍ਰਬੰਧਕਾਂ ਵੱਲੋਂ ਸਨਮਾਨ ਚਿੰਨ ਭੇਟ ਕੀਤੇ ਗਏ। ਇਸ ਮੌਕੇ ਰਿ. ਪ੍ਰਿੰ. ਚਾਨਣ ਸਿੰਘ, ਮਾਸਟਰ ਸੁਖਦੇਵ ਸਿੰਘ ਚੱਠਾ, ਬੀਹਲਾ ਗੋਂਦਾਰਾ, ਮਾਸਟਰ ਸ਼ੇਖਰ ਤਲਵੰਡੀ, ਜਸਵੀਰ ਸਿੰਘ, ਸ਼ਮਸ਼ੇਰ ਸਿੰਘ ਖਾਲਸਾ, ਡਾ: ਗੁਰਜੀਤ ਸਿੰਘ, ਜਗਤਾਰ ਸਿੰਘ ਰਤਨ, ਗੁਰਕੀਰਤ ਸਿੰਘ, ਤੇਜ ਸਿੰਘ, ਮਾਸਟਰ ਫਲਰਾਜ ਸ਼ਰਮਾ, ਪਰਮਿੰਦਰ ਸਿੰਘ ਅਤੇ ਅਮਨਦੀਪ ਕੌਰ ਸਮੇਤ ਵੱਡੀ ਤਾਦਾਦ ਵਿੱਚ ਸ਼ਾਇਰਾਂ ਤੇ ਬੁੱਧੀਜੀਵੀਆਂ ਨੇ ਪ੍ਰੋਗਰਾਮ ਵਿੱਚ ਹਾਜ਼ਰੀ ਭਰੀ।




## ਰੈੱਡ ਕਰਾਸ ਮੁਹਿੰਮ ਨੂੰ ਜਨਮ ਦੇਣ ਵਾਲੇ ਮਹਾਨ ਮਨੁੱਖਤਾ ਪ੍ਰੇਮੀ ਜੀਨ ਹੈਨਰੀ ਡੁਰੈਂਟ ।

### 8 ਮਈ ਨੂੰ ਵਿਸ਼ਵ ਰੈੱਡ ਕਰਾਸ ਦਿਵਸ ਤੇ ਵਿਸ਼ੇਸ਼।





ਵਰਲਡ ਪੰਜਾਬੀ ਟਾਈਮਜ਼
ਲੈਕਚਰਾਰ ਲਲਿਤ ਗੁਪਤਾ

ਜਦੋਂ ਅਸੀਂ ਕਿਤੇ ਵੀ ਲਾਲ ਪਲੱਸ ਦਾ ਨਿਸ਼ਾਨ ਦੇਖਦੇ ਹਾਂ ਤਾਂ ਇਸ ਨੂੰ ਸਿਹਤ ਵਿਭਾਗ ਨਾਲ਼ ਜੋੜ ਕੇ ਡਾਕਟਰ ਦੀ ਨਿਸ਼ਾਨੀ ਸਮਝ ਲੈਂਦੇ ਹਾਂ। ਪਰ ਇਹ ਨਿਸ਼ਾਨ ਸਿਹਤ ਵਿਭਾਗ ਦਾ ਨਹੀਂ ਬਲਕਿ ਰੈੱਡ ਕਰਾਸ ਸੁਸਾਇਟੀ ਦਾ ਹੈ। ਜੋ ਕਿ ਵੱਧ ਤੋਂ ਵੱਧ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਲਈ ਸਾਲਾਂ ਤੋਂ ਕੰਮ ਕਰ ਰਹੀ ਹੈ। ਅੰਤਰਰਾਸ਼ਟਰੀ ਰੈੱਡ ਕਰਾਸ ਦਿਵਸ ਹਰ ਸਾਲ 8 ਮਈ ਨੂੰ ਮਨਾਇਆ ਜਾਂਦਾ ਹੈ। ਇਸ ਮੌਕੇ 'ਤੇ ਆਓ ਜਾਣਦੇ ਹਾਂ ਕਿ ਇਹ ਦਿਨ ਕਿਉਂ ਮਨਾਇਆ ਜਾਂਦਾ ਹੈ

ਵਿਸ਼ਵ ਰੈੱਡ ਕਰਾਸ ਦਿਵਸ ਹਰ ਸਾਲ 8 ਮਈ ਨੂੰ ਮਨਾਇਆ ਜਾਂਦਾ ਹੈ। ਰੈੱਡ ਕਰਾਸ ਸੋਸਾਇਟੀ ਨੂੰ ਰੈੱਡ ਕ੍ਰੀਸੈਂਟ ਸੋਸਾਇਟੀ ਵੀ ਕਿਹਾ ਜਾਂਦਾ ਹੈ। ਫਰਕ ਸਿਰਫ ਇੰਨਾ ਹੈ ਕਿ ਮੁਸਲਿਮ ਦੇਸ਼ਾਂ ਵਿਚ ਲੋਕਾਂ ਦੀ ਮਦਦ ਕਰਨ ਵਾਲੀਆਂ ਸੰਸਥਾਵਾਂ ਨੂੰ ਰੈੱਡ ਕ੍ਰੀਸੈਂਟ ਸੋਸਾਇਟੀ ਕਿਹਾ ਜਾਂਦਾ ਹੈ ਅਤੇ ਬਾਕੀ ਦੇਸ਼ਾਂ ਵਿਚ ਇਹ ਸੰਸਥਾ ਰੈੱਡ ਕਰਾਸ ਸੁਸਾਇਟੀ ਦੇ ਨਾਂ ਨਾਲ ਜਾਣੀ ਜਾਂਦੀ ਹੈ।

ਰੈੱਡ ਕਰਾਸ ਸੰਸਥਾ ਇੱਕ ਅੰਤਰਰਾਸ਼ਟਰੀ ਸੰਸਥਾ ਹੈ ਜੋ ਯੁੱਧ ਵਰਗੀਆਂ ਸੰਕਟਕਾਲੀਨ ਸਥਿਤੀਆਂ ਵਿੱਚ ਸੈਨਿਕਾਂ ਦੀ ਸਹਾਇਤਾ ਲਈ ਬਣਾਈ ਗਈ ਸੀ। ਇਹ ਜੀਨ ਹੈਨਰੀ ਡੂਰੈਂਟ ਦੁਆਰਾ ਸ਼ੁਰੂ ਕੀਤਾ ਗਿਆ ਸੀ ਪਰ ਅੰਤਰਰਾਸ਼ਟਰੀ ਤੌਰ 'ਤੇ ਇਸ ਦੀ ਸਥਾਪਨਾ 1863 ਵਿੱਚ ਜਿਨੀਵਾ, ਸਵਿਟਜ਼ਰਲੈਂਡ ਵਿੱਚ ਕੀਤੀ ਗਈ ਸੀ।

ਇਹ ਸੰਨ 1859 ਦੀ ਗੱਲ ਹੈ ਜਦੋਂ ਇਟਲੀ ਦੇ ਸੋਲਫੇਰੀਨੋ ਅਤੇ ਆਸਟਰੀਆ ਵਿਚਕਾਰ ਯੁੱਧ ਹੋਇਆ ਸੀ ਜਿਸ ਵਿਚ ਵੱਡੀ ਗਿਣਤੀ ਵਿਚ ਸੈਨਿਕ ਮਾਰੇ ਗਏ ਸਨ ਅਤੇ ਬਹੁਤ ਸਾਰੇ ਤਰਸਯੋਗ ਹਾਲਤ ਵਿਚ ਡਿੱਗ ਪਏ ਸਨ।



ਉਸ ਦੀ ਮਦਦ ਕਰਨ ਵਾਲਾ ਕੋਈ ਨਹੀਂ ਸੀ। ਇਸ ਦ੍ਰਿਸ਼ ਨੇ ਜੀਨ ਹੈਨਰੀ ਨੂੰ ਹਿਲਾ ਕੇ ਰੱਖ ਦਿੱਤਾ। ਇਟਲੀ ਦੀ ਜੰਗ ਦੌਰਾਨ ਜੀਨ ਹੈਨਰੀ ਡੁਰਾਂਟ ਬੈਂਕ ਵਿੱਚ ਕੰਮ ਕਰ ਰਿਹਾ ਸੀ ਪਰ ਜ਼ਖਮੀ ਸੈਨਿਕਾਂ ਦੀ ਤਰਸਯੋਗ ਹਾਲਤ ਨੂੰ ਦੇਖਦਿਆਂ ਉਸ ਨੇ ਨੌਕਰੀ ਛੱਡ ਕੇ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਮਦਦ ਕਰਨ ਬਾਰੇ ਸੋਚਿਆ।

ਜੀਨ ਹੈਨਰੀ ਨੇ ਦੋਵਾਂ ਦੇਸ਼ਾਂ ਨਾਲ ਸੰਪਰਕ ਕੀਤਾ ਅਤੇ ਜੰਗ ਵਿਚ ਜ਼ਖਮੀ ਹੋਏ ਲੋਕਾਂ ਨੂੰ ਮੈਡੀਕਲ ਸਹੂਲਤਾਂ ਦੇਣ ਦਾ ਪ੍ਰਸਤਾਵ ਰੱਖਿਆ। ਦੋਵੇਂ ਦੇਸ਼ ਇਸ 'ਤੇ ਸਹਿਮਤ ਵੀ ਹਨ। ਇਸ ਤਰ੍ਹਾਂ ਇੱਕ ਛੋਟੀ ਜਿਹੀ ਸਹਾਇਤਾ ਅੱਗੇ ਦੀ ਲੜਾਈ ਵਿੱਚ ਜ਼ਖਮੀਆਂ ਲਈ ਬਹੁਤ ਲਾਭਦਾਇਕ ਸਾਬਤ ਹੋਈ।

ਉਸ ਦਿਨ ਤੋਂ, ਜੀਨ ਹੈਨਰੀ ਡੁਰਾਂਟ ਦੇ ਇਸ ਯਤਨ ਨੂੰ ਉਸਦੇ ਜਨਮ ਦਿਨ, 8 ਮਈ ਨੂੰ ਉਸਦੇ ਸਨਮਾਨ ਵਿੱਚ ਮਨਾਇਆ ਜਾਂਦਾ ਹੈ। ਰੈੱਡ ਕਰਾਸ ਮੁਹਿੰਮ ਨੂੰ ਜਨਮ ਦੇਣ ਵਾਲੇ ਮਹਾਨ ਮਨੁੱਖਤਾ ਪ੍ਰੇਮੀ ਜੀਨ ਹੈਨਰੀ ਡੁਰੈਂਟ ਦਾ ਜਨਮ 8 ਮਈ 1828 ਨੂੰ ਹੋਇਆ ਸੀ। ਇਸ ਯੁੱਧ ਦੀ ਯਾਦ ਦੇ ਆਧਾਰ 'ਤੇ ਉਸ ਨੇ ਏ ਮੈਮੋਰੀ ਆਫ ਸੋਲਫੇਰੀਨੋ ਨਾਂ ਦੀ ਕਿਤਾਬ ਵੀ ਲਿਖੀ।

ਮੁੱਖ ਤੌਰ 'ਤੇ ਇਸ ਸੰਸਥਾ ਦੀ ਸਥਾਪਨਾ 1863 ਵਿਚ ਯੁੱਧ ਵਿਚ ਜ਼ਖਮੀ ਹੋਏ ਸੈਨਿਕਾਂ ਦੀ ਮਦਦ ਲਈ ਕੀਤੀ ਗਈ ਸੀ।

ਪਰ ਹੌਲੀ-ਹੌਲੀ ਇਸ ਸੰਸਥਾ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਤਰੱਕੀ ਅਤੇ ਹੱਲਾਸ਼ੇਰੀ ਮਿਲੀ, ਜਿਸ ਕਾਰਨ ਇਸ ਦੇ ਮੁੱਖ ਉਦੇਸ਼ ਵੀ ਵਧਦੇ ਗਏ।ਜੰਗ, ਕਾਲ, ਹੜ੍ਹ ਆਦਿ ਵਰਗੀਆਂ ਆਫ਼ਤਾਂ ਨਾਲ ਘਿਰੇ ਲੋਕਾਂ ਦੀ ਮਦਦ ਕਰਨਾ, ਲੋੜਵੰਦਾਂ ਨੂੰ ਭੋਜਨ ਪਹੁੰਚਾਉਣਾ, ਪ੍ਰਤੀਕੂਲ ਹਾਲਾਤਾਂ ਵਿੱਚ ਲੋਕਾਂ ਨੂੰ ਮੁਫਤ ਡਾਕਟਰੀ ਇਲਾਜ ਅਤੇ ਮੁਫਤ ਰਿਹਾਇਸ਼ ਪ੍ਰਦਾਨ ਕਰਨਾ।

ਲੋੜ ਪੈਣ 'ਤੇ ਸਰਕਾਰ ਦੀ ਮਦਦ ਕਰਕੇ ਲੋਕਾਂ ਨੂੰ ਬਚਾਉਣਾ,ਮਨੁੱਖੀ ਕਾਰਨ ਦੇ ਸਿਧਾਂਤਾਂ ਅਤੇ ਆਦਰਸ਼ਾਂ ਦੀ ਵਕਾਲਤ ਕਰਨਾ,ਸਮਾਜ ਵਿੱਚ ਆਫ਼ਤ ਤੋਂ ਬਚਾਅ ਦੀ ਤਿਆਰੀ ਅਤੇ ਸੁਰੱਖਿਆ ਲਈ ਤਿਆਰ ਰਹਿਣਾ ਆਦਿ।

ਅੱਜ ਲਗਭਗ 210 ਵੱਖ-ਵੱਖ ਦੇਸ਼ਾਂ ਵਿੱਚ ਰੈੱਡ ਕਰਾਸ ਸੰਸਥਾਵਾਂ ਸਥਾਪਿਤ ਹਨ, ਜੋ ਮਨੁੱਖੀ ਜੀਵਨ ਦੀ ਸਿਹਤ ਅਤੇ ਹੋਰ ਬਹੁਤ ਸਾਰੇ ਮੁੱਖ ਉਦੇਸ਼ਾਂ ਲਈ ਕੰਮ ਕਰ ਰਹੀਆਂ ਹਨ। ਇਸ ਦੇ ਕੰਮ ਲਈ, ਇਸ ਸੰਸਥਾ ਨੂੰ 1917, 1944 ਅਤੇ 1963 ਵਿੱਚ ਤਿੰਨ ਵਾਰ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਦਿਨ ਨੂੰ ਅਧਿਕਾਰਤ ਤੌਰ 'ਤੇ ਪਹਿਲੀ ਵਾਰ ਸਾਲ 1984 ਵਿਚ ਮਨਾਇਆ ਗਿਆ ਅਤੇ ਫਿਰ ਇਸ ਨੂੰ ਵਿਸ਼ਵ ਰੈੱਡ ਕਰਾਸ ਦਿਵਸ ਦਾ ਨਾਂ ਦਿੱਤਾ ਗਿਆ।

ਅੱਜ ਵੀ ਇਹ ਸੰਸਥਾ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ 'ਤੇ ਸੇਵਾ ਕਰਨ ਲਈ ਹਮੇਸ਼ਾ ਤਤਪਰ ਰਹਿੰਦੀ ਹੈ।

ਰੈੱਡ ਕਰਾਸ ਸੰਸਥਾ ਦਾ ਮੁੱਖ ਦਫ਼ਤਰ ਜਨੇਵਾ ਸਵਿਟਜ਼ਰਲੈਂਡ ਵਿੱਚ ਸਥਾਪਿਤ ਹੈ, ਜੋ ਵੱਖ-ਵੱਖ ਦੇਸ਼ਾਂ ਵਿੱਚ ਸਥਾਪਿਤ ਆਪਣੀਆਂ ਸ਼ਾਖਾਵਾਂ ਅਤੇ ਦੇਸ਼ਾਂ ਦੀਆਂ ਸਰਕਾਰਾਂ ਦੇ ਤਾਲਮੇਲ ਨਾਲ ਚੱਲਦਾ ਹੈ। ਦੇਸ਼ ਵਿੱਚ ਕਿਸੇ ਵੀ ਸਮੇਂ, ਕਿਤੇ ਵੀ, ਕਿਸੇ ਵੀ ਤਰ੍ਹਾਂ ਦੀ ਆਫ਼ਤ ਹੋਵੇ, ਇਹ ਸੰਸਥਾਵਾਂ ਹਮੇਸ਼ਾ ਪੀੜਤਾਂ ਦੀ ਮੁਫ਼ਤ ਮਦਦ ਕਰਦੀਆਂ ਹਨ।

ਰੈੱਡ ਕਰਾਸ ਸੰਸਥਾ ਦਾ ਮੂਲ ਸਿਧਾਂਤ ਕਿਸੇ ਤੋਂ ਪੈਸੇ ਲਏ ਬਿਨਾਂ ਮਦਦ ਕਰਨਾ ਹੈ, ਭਾਵੇਂ ਕੋਈ ਵੀ ਹਾਲਾਤ ਕਿਉਂ ਨਾ ਹੋਣ।

ਜਿੱਥੇ ਕਈ ਵਾਰ ਸਰਕਾਰ ਵੀ ਕੁਝ ਨਹੀਂ ਕਰ ਸਕਦੀ, ਉੱਥੇ ਰੈੱਡ ਕਰਾਸ ਸੰਸਥਾ ਹੈ ਜੋ ਕਿ ਔਖੇ ਸਮੇਂ ਵਿੱਚ ਵੀ ਲੋਕਾਂ ਦੀ ਮਦਦ ਕਰਦੀ ਹੈ। ਰੈੱਡ ਕਰਾਸ ਸੰਸਥਾ ਦੇ ਮੂਲ ਸਿਧਾਂਤ ਇਸ ਪ੍ਰਕਾਰ ਹਨ – "ਮਨੁੱਖਤਾ, ਨਿਰਪੱਖਤਾ, ਸੁਤੰਤਰਤਾ, ਸਵੈ-ਇੱਛਤ ਸੇਵਾ, ਸਰਵਵਿਆਪਕਤਾ ਅਤੇ ਏਕਤਾ" । ਇਨ੍ਹਾਂ ਆਦਰਸ਼ਾਂ ਨੂੰ ਮੁੱਖ ਰੱਖ ਕੇ ਵੱਖ-ਵੱਖ ਦੇਸ਼ਾਂ ਵਿਚ ਇਹ ਸੰਸਥਾਵਾਂ ਉਨ੍ਹਾਂ ਦੇ ਮਾਰਗ 'ਤੇ ਅੱਗੇ ਵਧ ਰਹੀਆਂ ਹਨ।

ਸੱਚੀ ਭਗਤੀ ਬਾਰੇ ਜਾਣਕਾਰੀ ਦੇਣਾ ਹੀ ਉੱਤਮ ਸੇਵਾ ਹੈ।

ਜੀਨ ਹੈਨਰੀ ਇੱਕ ਨੇਕ ਆਤਮਾ ਸੀ ਜਿਸਨੇ ਆਪਣਾ ਜੀਵਨ ਲੋਕਾਂ ਦੀ ਮਦਦ ਲਈ ਸਮਰਪਿਤ ਕਰ ਦਿੱਤਾ। ਪਰ ਆਪਣੇ ਬਾਰੇ ਇਹ ਨਹੀਂ ਸੋਚਿਆ ਕਿ ਉਸ ਦੇ ਮਨੁੱਖੀ ਜੀਵਨ ਦਾ ਅਸਲ ਮਕਸਦ ਕੀ ਹੈ। ਉਸ ਦੀ ਨੇਕ ਸੋਚ ਅਨੁਸਾਰ ਉਸ ਦਾ ਇੱਕੋ ਇੱਕ ਉਦੇਸ਼ ਦੁਖੀਆਂ ਦੀ ਮਦਦ ਕਰਨਾ ਸੀ।

ਭਾਰਤ ਵਿੱਚ, ਇੰਡੀਅਨ ਰੈੱਡ ਕਰਾਸ ਸੋਸਾਇਟੀ ਦਾ ਗਠਨ ਸਾਲ 1920 ਵਿੱਚ ਪਾਰਲੀਮੈਂਟਰੀ ਐਕਟ ਤਹਿਤ ਕੀਤਾ ਗਿਆ ਸੀ, ਉਦੋਂ ਤੋਂ ਲੈ ਕੇ ਹੁਣ ਤੱਕ ਰੈੱਡ ਕਰਾਸ ਦੇ ਵਲੰਟੀਅਰ ਵੱਖ-ਵੱਖ ਤਰ੍ਹਾਂ ਦੀਆਂ ਆਫ਼ਤਾਂ ਵਿੱਚ ਨਿਰਸਵਾਰਥ ਹੋ ਕੇ ਆਪਣੀਆਂ ਸੇਵਾਵਾਂ ਦੇ ਰਹੇ ਹਨ।

ਜੰਗਾਂ, ਸੰਘਰਸ਼ਾਂ ਅਤੇ ਕੁਦਰਤੀ ਆਫ਼ਤਾਂ ਦੌਰਾਨ ਲੱਖਾਂ ਲੋਕਾਂ ਦੀ ਮਦਦ ਕਰਨ ਵਾਲੇ ਵਾਲੰਟੀਅਰਾਂ ਨੂੰ ਸ਼ਰਧਾਂਜਲੀ ਅਤੇ ਸਨਮਾਨ ਦੇਣ ਲਈ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ ਜਾਣਾ ਚਾਹੀਦਾ ਹੈ। ਇਸ ਦਿਨ ਸਾਨੂੰ ਐਮਰਜੈਂਸੀ ਸਥਿਤੀਆਂ ਜਿਵੇਂ ਕਿ ਮਲੇਰੀਆ ਏਡਜ਼ ਅਤੇ ਹੋਰ ਘਾਤਕ ਬਿਮਾਰੀਆਂ ਅਤੇ ਮਹਾਂਮਾਰੀ ਦੀਆਂ ਬਿਮਾਰੀਆਂ ਅਤੇ ਕੁਝ ਕੁਦਰਤੀ ਆਫ਼ਤਾਂ ਜਿਵੇਂ ਭੂਚਾਲ ਚੱਕਰਵਾਤ ਹੜ੍ਹ ਦੇ ਪ੍ਰਕੋਪ ਵਿੱਚ ਲੋਕਾਂ ਦੀ ਮਦਦ ਕਰਨ ਲਈ ਪ੍ਰੇਰਿਤ ਮਹਿਸੂਸ ਕਰਨਾ ਚਾਹੀਦਾ ਹੈ ਤਾਂ ਹੀ ਇਸ ਰੈੱਡ ਕਰਾਸ ਦਿਵਸ ਦਾ ਉਦੇਸ਼ ਪੂਰਾ ਹੁੰਦਾ ਹੈ।